ਪੰਜਾਬ ਦੀ ਆਵਾਜ਼

ਅਜੀਤ

**Daily Ajit, Jalandhar** ਜਲੰਧਰ : ਐਤਵਾਰ, 17 ਜਨਵਰੀ, 2010 5 ਮਾਘ ਨਾਨਕਸ਼ਾਹੀ ਸੰਮਤ 541, **ਭਾਰਤੀ ਸਮਾਂ : 1:28:54 PM**

ਰਜਿ: ਨੰ: PB/0138/09-2011 ਜਿਲਦ 55, ਅੰਕ 17 ਬਾਨੀ ਸੰਪਾਦਕ (ਸਵ:) ਡਾ: ਸਾਧੂ ਸਿੰਘ ਹਮਦਰਦ ਫ਼ੋਨ : 0181-2455961-62-63, 5032400, ਫੈਕਸ : 2455960, 2220593, 2222688

# ਸਵਿਟਜ਼ਰਲੈਂਡ ਦੇ ਗੁਰਦੁਆਰਾ ਲਾਂਗਨਥਾਲ 'ਚ ਸਿੱਖ ਭਾਈਚਾਰੇ ਨੇ ਕਰਵਾਈ ਅਮਨ ਕਾਨਫਰੰਸ



**ਲਾਂਗਨਥਾਲ ਵਿਖੇ ਅਮਨ ਕਾਨਫਰੰਸ ਦੌਰਾਨ ਸ਼ਬਦ ਪੇਸ਼ ਕਰਦੇ ਬੱਚੇ।**

ਰੋਮ (ਇਟਲੀ), 16 ਜਨਵਰੀ (ਪਰਮਜੀਤ ਦੁਸਾਂਝ)-ਸਵਿਟਰਜ਼ਲੈਂਡ ਦੇ ਸ਼ਹਿਰ ਲਾਂਗਨਥਾਲ ਵਿਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਜਿਥੇ ਦਸਮ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ, ਉਥੇ ਇਕ ਅਮਨ ਕਾਨਫਰੰਸ ਕਰਵਾਈ ਗਈ, ਜਿਸ ਵਿਚ ਸਰਕਾਰੀ ਨੁਮਾਇੰਦਿਆਂ ਅਤੇ ਪ੍ਰਮੁੱਖ ਸਿਆਸੀ ਪਾਰਟੀਆਂ ਤੋਂ ਇਲਾਵਾ ਸਾਰੇ ਹੀ ਧਰਮਾਂ ਦੇ ਮੁਖੀਆਂ ਨੇ ਹਾਜ਼ਰੀਆਂ ਭਰ ਕੇ ਜਿਥੇ ਗੁਰੂਘਰ ਵੱਲੋਂ ਕੀਤੀ ਇਸ ਪਹਿਲ ਨੂੰ ਸਰਾਹਿਆ, ਉਥੇ ਭਰਵੇਂ ਇਕੱਠ ਵਿਚ ਜ਼ੋਰ ਦੇ ਕੇ ਇਸ ਮਿਸ਼ਨ ਨੂੰ ਅੱਗੇ ਤੋਰਨ ਦਾ ਨਿਸ਼ਚਾ ਕੀਤਾ। ਭਾਈ ਫਰੀਦ ਸਿੰਘ, ਭਾਈ ਸੁਖਦੀਪ ਸਿੰਘ ਹੋਰਾਂ ਨੇ ਰਸਭਿੰਨੇ ਕੀਰਤਨ ਦੀ ਸਮਾਪਤੀ ਉਪਰੰਤ ਇਸ ਅਮਨ ਕਾਨਫਰੰਸ ਦੀ ਸ਼ੁਰੂਆਤ ਮਾਸਟਰ ਕਰਨ ਸਿੰਘ ਹੋਰਾਂ ਨੇ ਸ਼ਹਿਰ ਦੇ ਮੁਖੀ ਅਤੇ ਸਵਿਸ ਪੀਪਲਜ਼ ਪਾਰਟੀ ਦੇ ਨੇਤਾ ਥਾਮਸ ਰੁਫਨਰ ਤੋਂ ਕਰਵਾਈ। ਜਿਨ੍ਹਾਂ ਬੋਲਦਿਆਂ ਜਿਥੇ ਗੁਰੂ ਘਰ ਵੱਲੋਂ ਕੀਤੀ ਇਸ ਪਹਿਲ ਸਰਾਹਿਆ ਉਥੇ ਸਾਰੀਆਂ ਪਾਰਟੀਆਂ ਨੂੰ ਇਹ ਮਿਸ਼ਨ ਅੱਗੇ ਤੋਰਨ ਲਈ ਕਿਹਾ। ਯਾਹੂਦੀਆਂ ਦੇ ਨੁਮਾਇੰਦਿਆਂ ਮਿ. ਹਾਬ ਨੇ ਕਿਹਾ 'ਇਸ ਕਾਨਫਰੰਸ ਲਈ ਸਿੱਖਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਦਲਾਈਲਾਮਾ ਵਫਦ ਦੇ ਨੁਮਾਇੰਦੇ ਬਹੁਉਤੇ ਪਾਨਾਵਾਨਸਾ, ਮਿ. ਹਾਸ ਇਰਾਸ, ਮੁਸਲਿਮ ਭਾਈਚਾਰੇ ਦੇ ਅੱਬਾਸ ਅਹਿਮਦ ਨੇ ਸੰਬੋਧਨ ਕੀਤਾ। ਸ: ਗੁਰਦੀਪ ਸਿੰਘ ਹੋਰਾਂ ਜਰਮਨ ਭਾਸ਼ਾ ਵਿਚ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਪਤਵੰਤਿਆਂ ਤੋਂ ਇਲਾਵਾ ਸਵਿਸ ਰੇਡੀਓ ਦੇ ਪੱਤਰਕਾਰ ਵੀ ਮੌਜੂਦ ਸਨ।